
# ਜੋਗਾ ਸਿੰਘ ਦੇ 'ਆਪਣੀ ਮਿੱਟੀ' ਦੇ ਨਾਟਕੀ ਪਾਤਰ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

1982 ਵਿਚ ਛਪੀ ਮਰਹੂਮ ਜੋਗਾ ਸਿੰਘ ਦੀ ਕਾਵਿ ਰੇਖਾ ਚਿਤਰ ਦੀ ਕਿਤਾਬ 'ਆਪਣੀ ਮਿੱਟੀ' ਪੰਜਾਬੀ ਸਾਹਿਤ ਵਿਚ ਕਲਾਸਕੀ ਥਾਂ ਰੱਖਦੀ ਹੈ। ਇਹ ਰੇਖਾ ਚਿਤਰ ਨਿਮਨ ਵਰਗ ਦੇ ਥੁੜੇ ਹੋਏ ਲੋਕਾਂ ਦੇ ਹਨ। ਇਨ੍ਹਾਂ ਵਿਚ ਗੰਡੇ ਕਾ ਲਾਲੂ, ਨੂਰਾਂ ਮਰਾਸਣ, ਬਾਬਾ ਸੌਣਾ, ਮੁਨਸ਼ੀ ਖਾਨ, ਦਰਬਾਰਾ ਗਰੰਥੀ, ਭੋਲੂ ਬਾਣੀਆ, ਜੁੰਮਾ ਘੁਮਿਆਰ, ਡੁੱਡਾ ਮਜ਼੍ਹਬੀ, ਕਾਰੋ ਆਦਿਕ ਸ਼ਾਮਲ ਹਨ। ਇਹ ਸਾਰੇ ਦੇ ਸਾਰੇ ਸ਼ਕਤੀਸ਼ਾਲੀ ਨਾਟਕਾਂ ਦੇ ਪਾਤਰ ਹੋਣ ਦੀ ਸੰਭਾਵਨਾ ਆਪਣੇ ਆਪ ਵਿਚ ਸਾਂਭੀ ਬੈਠੇ ਹਨ। ਇਨ੍ਹਾਂ ਪਾਤਰਾਂ ਨੂੰ ਲੈ ਕੇ ਨਾਟਕ ਲਿਖੇ ਵੀ ਗਏ ਹਨ। ਭਾਵੇਂ ਨਾਟਕ ਦੀ ਆਪਣੀ ਵਿਧਾ ਹੈ, ਆਪਣਾ ਮੁਹਾਵਰਾ ਹੈ, ਪਰ ਇਹਦਾ ਬਾਕੀ ਸਾਹਿਤ ਵਿਧਾਵਾਂ ਕਹਾਣੀ, ਨਾਵਲ, ਰੇਖਾ ਚਿੱਤਰ, ਕਵਿਤਾ ਨਾਲ ਜੀਂਦਾ ਜਾਗਦਾ ਸਬੰਧ ਹੈ। ਜੋਗਾ ਸਿੰਘ ਦੇ ਕਾਵਿ ਰੇਖਾ ਚਿੱਤਰਾਂ 'ਤੇ ਆਧਾਰਤ ਨਾਟਕ ਇਹਦੀਆਂ ਮਿਸਾਲਾਂ ਹਨ।

ਮੁਨਸ਼ੀ ਖਾਨ ਦੇ ਪਾਤਰ ਨੂੰ ਲੈ ਕੇ ਮੇਰਾ ਆਪਣਾ ਨਾਟਕ 'ਮੁਨਸ਼ੀ ਖਾਨ' ਇਕ ਬਹੁਤ ਹੀ ਮਕਬੂਲ ਨਾਟਕ ਹੈ। ਇਹ ਧਾਰਮਿਕ ਕੱਟੜਤਾ ਦੇ ਵਿਰੁੱਧ ਇਕ ਸ਼ਕਤੀਸ਼ਾਲੀ ਆਵਾਜ਼ ਹੈ। ਮੁਨਸ਼ੀ ਖਾਨ, ਨਿਮਨ ਵਰਗ ਦੇ ਮੁਸਲਮਾਨ ਮੋਚੀ ਦੇ ਪੁੱਤਰ ਦੁੱਲੇ ਦੀ ਕਹਾਣੀ ਹੈ। ਦੇਸ਼ ਦੀ ਵੰਡ ਵੇਲੇ ਉਹਦੇ ਉਤੇ ਇਹ ਸ਼ਰਤ ਲਗੀ ਜੇਕਰ ਉਹਨੇ ਆਪਣੇ ਬਾਪ ਦਾਦੇ ਦੀ ਧਰਤੀ 'ਤੇ ਰਹਿਣਾ ਹੈ ਤਾਂ ਉਹਦੇ ਲਈ ਮੁਸਲਮਾਨ ਤੋਂ ਸਿੰਘ ਸਜਣਾ ਜ਼ਰੂਰੀ ਹੈ। ਮੁਨਸ਼ੀ ਖਾਨ, ਮੁਨਸ਼ੀ ਖਾਨ ਤੋਂ ਸੱਜਣ ਸਿੰਘ ਬਣ ਗਿਆ। ਇਕ ਕਿਸਾਨ ਘਰ ਵਿਚ ਉਹ ਨੌਕਰ ਹੈ, ਪਰ ਘਰ ਦੀ ਜੀਆਂ ਵਾਕੁਨ ਉਸ ਘਰ ਵਿਚ ਉਹਦੀ ਥਾਂ ਹੈ। ਜੋਗਾ ਸਿੰਘ, ਜਿਸ ਨੂੰ ਉਹਨੇ ਆਪਣੇ ਹੱਥਾਂ ਵਿਚ ਪਾਲਿਆ ਹੈ, ਕੰਧਾੜੇ ਚਾੜ੍ਹ ਕੇ ਪਿੰਡ ਦੀਆਂ ਗਲੀਆਂ ਵਿਚ ਸੈਰ ਕਰਵਾਈ ਹੈ, ਉਹ ਹੁਣ ਚੰਡੀਗੜ੍ਹ ਵਿਚ ਅਫਸਰ ਹੈ। ਮੁਨਸ਼ੀ ਖਾਨ ਹੁਣ ਬੁੱਢਾ ਹੋ ਗਿਆ ਹੈ, ਮਰਨ ਦੇ ਕਿਨਾਰੇ ਹੈ, ਉਹ ਜੋਗਾ ਸਿੰਘ ਨੂੰ ਹੱਥ ਬੰਨ੍ਹ ਕੇ ਇਕ ਖਾਹਿਸ਼ ਜ਼ਾਹਰ ਕਰਦਾ ਹੈ:

**ਮੈਂ ਜਦੋਂ ਵੀ ਕਦੀ ਪਿੰਡ ਜਾਂਦਾ ਹਾਂ**
**ਤਾਂ ਓਦਰਿਆ ਜਿਹਾ ਮੈਨੂੰ ਅੱਡ ਬੁਲਾ ਕੇ ਆਖਦੈ-**
**'ਜੋਗੇ ਸਿਆਂ ਤੂੰ ਸਿਆਣੈਂ', ਪੜ੍ਹਿਆ-ਲਿਖਿਐਂ**
**ਤੇਰੀ ਗੱਲ ਕਿਸੇ ਨੇ ਮੋੜਨੀ ਬੀ ਨਹੀਂ**
**ਸਾਡੀ ਮੁਸਾਫਰੀ ਤਾਂ ਹੁਣ ਢਾਈ ਦਿਨਾਂ ਦੀ ਰਹਿ ਗਈ**
**ਤੂੰ ਜਿਉਂਦੇ ਜੀਅ ਮੇਰੀ ਇਕ ਦੇਣਦਾਰੀ ਲਾਹ ਜੀ**
**ਇਉਂ ਕਰੀਂ, ਮੈਨੂੰ ਫੂਕਣ ਨਾ ਦੇਈਂ**
**ਹਾਅ, ਆਪਣੀ ਬੇਰੀ ਥੱਲੇ ਦੱਬ ਦੇਈਂ**
**ਤੇ ਉਹ ਕਟਾਮਾਂ ਵਾਲ ਮੁਸੱਲਾ...**
**ਉਸ ਦੀ ਗੱਲ ਪੂਰੀ ਵੀ ਨਹੀਂ ਹੋਈ ਹੁੰਦੀ**
**ਕਿ ਉਸ ਦੀ ਭੁੱਬ ਨਿਕਲ ਜਾਂਦੀ ਹੈ।**

ਜੋਗਾ ਸਿੰਘ ਦੀ ਨਜ਼ਮ ਦਾ ਇਹ ਪੈਰਾ ਹੀ ਨਾਟਕ ਦਾ ਵਿਸ਼ਾ ਹੈ। ਵਾਰਤਾਲਾਪ ਵਿਚ ਨਾਟਕ ਦੀ ਵਿਧਾ ਅਨੁਸਾਰ ਮੁੱਢ, ਮੱਧ ਅਤੇ ਫੇਰ ਸਿਖਰ ਉਸਾਰਿਆ ਜਾਂਦਾ ਹੈ। ਸਿਖਰ ਹੈ ਕਿ ਮੁਨਸ਼ੀ ਖਾਨ ਦੇ ਮਰਨ ਬਾਅਦ ਇਹ ਵਿਵਾਦ ਹੈ ਕਿ ਉਹਦੀ ਅੰਤਿਮ ਰਸਮ ਉਹਦੀ ਖਾਹਿਸ਼ ਮੁਤਾਬਿਕ ਮੁਸਲਮਾਨ ਰਵਾਇਤਾਂ ਅਨੁਸਾਰ ਕੀਤੀ ਜਾਵੇ, ਉਹਦੀ ਕਬਰ ਬਣਾਈ ਜਾਵੇ ਜਾਂ ਉਹਦਾ ਸਿੱਖ ਮਰਿਯਾਦਾ ਅਨੁਸਾਰ ਸਸਕਾਰ ਕੀਤਾ ਜਾਏ। ਇਹ ਵਾਦ-ਵਿਵਾਦ ਗਿਆਨੀ ਹਜ਼ਾਰਾ ਸਿੰਘ ਅਤੇ ਇਕ ਖੁੱਲ੍ਹੀ ਸੋਚ ਵਾਲੇ ਸੂਬੇਦਾਰ ਦਰਮਿਆਨ ਚਲਦਾ ਹੈ:

ਗਿਆਨੀ ਹਜ਼ਾਰਾ ਸਿੰਘ-ਮੁਨਸ਼ੀ ਖਾਨ ਮਰਨ ਵੇਲੇ ਸੱਜਣ ਸਿੰਘ ਸੀ, ਇਸ ਕਰਕੇ ਆਖਰੀ ਰਸਮਾਂ ਸਿੱਖ ਮਰਿਯਾਦਾ ਅਨੁਸਾਰ ਹੀ ਹੋਣਗੀਆਂ। ਅੰਤਿਮ ਅਰਦਾਸ ਮੈਂ ਕਰਾਂਗਾ।

ਸੂਬੇਦਾਰ-ਉਹਨੂੰ ਸਿੰਘ ਬਣਾਉਣ ਵੇਲੇ ਵੀ ਤੂੰ ਅਰਦਾਸ ਕੀਤੀ ਸੀ।

ਗਿਆਨੀ ਹਜ਼ਾਰਾ ਸਿੰਘ- ਹਾਂ ਮੈਂ ਹੀ ਕੀਤੀ ਸੀ... ਜੇਕਰ ਹੁਣ ਤੁਸੀਂ ਜ਼ਿੱਦ ਕੀਤੀ ਤਾਂ ਇਥੇ ਲਹੂ ਦੀਆਂ ਨਦੀਆਂ ਵਗ ਜਾਣਗੀਆਂ।

ਸੂਬੇਦਾਰ- ਉਹਦੀ ਆਖਰੀ ਰਸਮ ਉਹਦੀ ਦਸੀ ਖਾਹਿਸ਼ ਅਨੁਸਾਰ ਹੀ ਹੋਵੇਗੀ। ਅਸੀਂ ਕਿਸ ਤਰ੍ਹਾਂ ਭੁੱਲੀਏ ਕਿ ਉਹ ਇਕ ਮੁਸਲਮਾਨ ਬਾਪ ਦਾ ਬੇਟਾ ਸੀ ਅਤੇ ਇਕ ਮੁਸਲਮਾਨ ਮਾਂ ਦੀ ਕੁੱਖ ਤੋਂ ਉਸ ਨੇ ਜਨਮ ਲਿਆ ਸੀ। ... ਬਾਕੀ ਤੂੰ ਲਹੂ ਦੀਆਂ ਨਦੀਆਂ ਦੀ ਗੱਲ ਕੀਤੀ ਏ, ਉਹ ਮੇਰੇ ਲਈ ਨਵੀਆਂ ਨਹੀਂ, ਤਿੰਨ ਜੰਗਾਂ ਲੜੀਆਂ, ਬੜਾ ਲਹੂ ਡੁਲ੍ਹਦਾ ਵੇਖਿਆ, ਹੋਰ ਇਕ ਜੰਗ ਦੇਖ ਲਵਾਂਗਾ। ਇਹ ਜੰਗ ਕਿਸੇ ਮੁਲਕ ਦੀਆਂ ਹੱਦਾਂ ਦੀ ਆਬਾਦੀ ਲਈ ਨਹੀਂ ਹੋਵੇਗੀ ਸਗੋਂ ਮਨੁੱਖੀ ਹੱਕਾਂ ਲਈ ਹੋਵੇਗੀ। ਹਰ ਇਕ ਮਨੁੱਖ ਨੂੰ ਹੱਕ ਹੈ ਕਿ ਉਹ ਆਪਣੇ ਅਕੀਦੇ ਅਨੁਸਾਰ ਜੀਵੇ ਅਤੇ ਆਪਣੇ ਅਕੀਦੇ ਅਨੁਸਾਰ ਮਰੇ। ਕਿਸੇ ਤਾਨਾਸ਼ਾਹ ਦਾ ਇਹ ਹੱਕ ਨਹੀਂ ਕਿ ਉਹ ਦੂਜਿਆਂ ਦੇ ਇਸ ਬੁਨਿਆਦੀ ਹੱਕ ਨੂੰ ਖੋਹੇ। ਮੁਨਸ਼ੀ ਖਾਨ ਦਾ ਜਨਾਜ਼ਾ ਨਿਕਲੇਗਾ।

ਜੋਗਾ ਸਿੰਘ- ਹਾਂ ਤਾਇਆ ਜੀ, ਮੁਨਸ਼ੀ ਖਾਨ ਦਾ ਜਨਾਜ਼ਾ ਨਿਕਲੇਗਾ ਤੇ ਅਸੀਂ ਉਹਦੇ ਭਤੀਜੇ ਉਹਨੂੰ ਮੋਢਾ ਦੇਵਾਂਗੇ। ਚਾਚਾ ਗਾਉਂਦਾ ਹੁੰਦਾ ਸੀ 'ਕੋਈ ਲੱਦਿਆ ਮੁਸਾਫਰ ਜਾਂਦਾ, ਦੁਨੀਆਂ ਰੰਗ ਵਸਦੀ' ਤੇ ਹੁਣ ਆਵਾਜ਼ ਆਏਗੀ 'ਕੋਈ ਲੱਦਿਆ ਮੁਸਾਫਰ ਜਾਂਦਾ, ਮੋਢੇ ਮਹਿਰਮ ਦੇ।'

ਇਕ ਘੰਟੇ ਦਾ ਇਹ ਨਾਟਕ, ਜਿਥੇ ਜੋਗਾ ਸਿੰਘ ਦੇ ਸਿਰਜੇ ਹੋਏ ਪਾਤਰ ਮੁਨਸ਼ੀ ਖਾਨ ਦੀ ਤਰਾਸਦੀ ਜਿਹੜਾ ਸੱਜਣ ਸਿੰਘ ਦੇ ਨਾਂ ਥੱਲੇ ਜੀਣ ਲਈ ਮਜਬੂਰ ਕੀਤਾ ਗਿਆ ਸੀ, ਪੂਰੀ ਸਫਲਤਾ ਨਾਲ ਪੇਸ਼ ਕਰਦਾ ਹੈ, ਉਥੇ ਇਹ ਮਜ਼੍ਹਬੀ ਕੱਟੜਵਾਦ ਦੇ ਵਿਰੁੱਧ ਇਕ ਸ਼ਕਤੀਸ਼ਾਲੀ ਆਵਾਜ਼ ਹੋ ਕੇ ਨਿਬੜਦਾ ਹੈ।

ਮੇਰਾ ਇਕ ਹੋਰ ਨਾਟਕ ਹੈ 'ਬੇਗ਼ਮੋ ਦੀ ਧੀ' ਜਿਹੜਾ ਪੰਜਾਬ ਦੀ ਸਟੇਜ 'ਤੇ ਬਹੁਤ ਸਫ਼ਲ ਹੋਇਆ, ਉਹ ਜੋਗਾ ਸਿੰਘ ਦੇ ਇਕ ਹੋਰ ਰੇਖਾ ਚਿੱਤਰ ਤੋਂ ਪ੍ਰੇਰਿਤ ਹੈ। ਨਾਟਕ ਦੀ ਕਹਾਣੀ ਭਾਵੇਂ ਮੇਰੀ ਹੈ, ਪਰ ਉਹਦਾ ਕੇਂਦਰੀ ਵਿਸ਼ਾ ਜੁੰਮੇ ਘੁਮਿਆਰ ਦੀ ਤ੍ਰਾਸਦੀ ਨਾਲ ਜੁੜਦਾ ਹੈ, ਜਿਸ ਦੀ ਧੀ ਰੌਲਿਆਂ ਵੇਲੇ ਪਿੰਡ ਦੇ ਰਾਠਾਂ ਵਲੋਂ ਲਗੀਆਂ ਤੀਆਂ ਤੋਂ ਉਧਾਲੀ ਜਾਂਦੀ ਹੈ:

**'ਜੁੰਮਾ ਪਿੰਡ ਦਾ ਚੌਕੀਦਾਰ ਵੀ ਹੁੰਦਾ ਸੀ**
**ਉਦੋਂ ਉਹ ਸਿਰ ਤੇ ਕੁੱਲੇ ਵਾਲੀ ਪੱਗ ਬੰਨ੍ਹਦਾ**
**ਹੱਥ ਵਿਚ ਖੂੰਡਾ ਫੜੀ,**
**ਗਲੀ ਦੇ ਸਿਰੇ ਤੇ ਖੜ੍ਹ ਲੰਮੀ ਹੇਕ ਲਾ ਹੋਕਾ ਦਿੰਦਾ**
**ਕੱਲ੍ਹ ਨੂੰ ਧੋਰੀ ਵਾਲਾ ਖਾਲ ਪੁਟਣੈ,**
**ਘਰ ਘਰ ਦਾ ਬੰਦਾ ਆਇਓ ਬਈ ਓਏ !**
**ਤੇ ਹੁਣ ਉਹਦਾ ਹੋਕਾ ਹੈ-**
**ਓਏ ਪਿੰਡ ਵਾਲਿਓ, ਤੀਆਂ ਨਾ ਲਾਇਓ**
**ਵੇਲੀਆਂ ਦਾ ਅਤਬਾਰ ਨੀਂ...**
**ਜੁੰਮਾ ਜ਼ਿੰਮੇਵਾਰ ਨੀਂ...**
**ਜੁੰਮਾ ਜੋ ਮੁਸਲਮਾਨ ਹੋ ਕੇ ਵੀ**
**ਸਾਡੇ ਘਰਾਂ 'ਚ ਚਾਨਣ ਕਰਨ ਲਈ**
**ਮਿੱਟੀ ਦੇ ਦੀਵੇ ਬਣਾਇਆ ਕਰਦਾ ਸੀ...**
**ਹੁਣ ਆਪਣੇ ਘਰ ਹਨੇਰਾ ਸਾਂਭੀ ਬੈਠਾ ਹੈ...**
**ਜੁੰਮਾ ਘੁਮਿਆਰ ਆਪਣੇ ਪਿੰਡ ਵਿਚ ਹੀ**
**ਉਜੜਨ ਤੋਂ ਪਹਿਲਾਂ ਉੱਜੜ ਗਿਆ ਸੀ !**
**ਉਸ ਪਿੱਛੋਂ ਪਿੰਡ ਵਿਚ ਕਿਸੇ ਨੇ ਵੀ**
**ਚਾਨਣੀਆਂ ਰਾਤਾਂ 'ਚ**
**ਕੁੜੀਆਂ ਦੇ ਗਿੱਧੇ ਦੀ ਆਵਾਜ਼ ਨਹੀਂ ਸੁਣੀ?..**

ਜੋਗਾ ਸਿੰਘ ਦੀ ਕਾਵਿ ਪ੍ਰਤਿਭਾ ਦੀ ਇਕ ਹੋਰ ਮਿਸਾਲ ਦੇ ਕੇ ਮੈਂ ਗੱਲ ਖਤਮ ਕਰਦਾ ਹਾਂ ਕਿ 'ਆਪਣੀ ਮਿੱਟੀ' ਵਿਚ ਦਿੱਤੇ ਉਨੀ ਦੇ ਉਨੀ ਕਾਵਿਕ ਰੇਖਾ ਚਿੱਤਰ ਸ਼ਕਤੀਸ਼ਾਲੀ ਨਾਟਕੀ ਪਾਤਰਾਂ ਦਾ ਇਕ ਕੀਮਤੀ ਖਜ਼ਾਨਾ ਹਨ, ਜੋ ਪੰਜਾਬੀ ਨਾਟਕ ਲਈ ਵਰਦਾਨ ਸਾਬਤ ਹੋ ਸਕਦੇ ਹਨ। ਸ਼ਰਤ ਇਹੀ ਹੈ ਕਿ ਉਹ ਜੋਗਾ ਸਿੰਘ ਦੇ ਜਜ਼ਬਾਤਾਂ ਨਾਲ ਇਕ ਸੁਰ ਹੋ ਸਕੇ।

**...ਪਹਿਲੀ ਵਾਰ ਮੈਨੂੰ ਇਸ ਗੱਲ ਦਾ ਪਤਾ ਉਦੋਂ ਲੱਗਾ**
**ਜਦੋਂ ਪਟਵਾਰੀਆਂ ਦੇ ਮੁੰਡੇ ਨੇ ਸਾਡੇ ਘਰ ਆ ਕੇ ਦੱਸਿਆ-**
**ਕਿ 'ਇਹ ਵਿਹੜੇ ਵਾਲਿਆਂ' ਦੇ ਪੰਪ ਤੋਂ ਪਾਣੀ ਪੀ ਕੇ ਆਇਐ**
**ਤੇ ਮਾਂ ਨੇ ਝਿੜਕ ਕੇ ਕਿਹਾ ਸੀ-**
**'ਭਿਟਿਆ ਹੋਇਆ ! ਕੋਈ ਸੰਗ ਹਯਾ ਹੈ ਕਿ ਨਹੀਂ ਤੈਨੂੰ?''**
**ਮੈਨੂੰ ਉਦੋਂ ਇਹ ਵੀ ਪਤਾ ਨਾ ਸੀ ਕਿ...**
**ਡੁੱਡੇ ਮਜ਼੍ਹਬੀ ਕੇ ਘਰਾਂ ਨੂੰ 'ਵਿਹੜੇ ਵਾਲੇ' ਕਿਉਂ ਕਹਿੰਦੇ ਨੇ?**
**ਜਦੋਂ ਕਿ ਉਨ੍ਹਾਂ 'ਚ ਕਿਸੇ ਦੇ ਘਰ ਦਾ ਵਿਹੜਾ ਹੀ ਨਹੀਂ ਸੀ।**

**(ਡੁੱਡਾ ਮਜ਼੍ਹਬੀ)**

ਅੱਜ ਭਾਵੇਂ ਜੋਗਾ ਸਿੰਘ ਸਾਡੇ ਦਰਮਿਆਨ ਨਹੀਂ, ਪਰ ਪੰਜਾਬੀ ਸਾਹਿਤ ਜੋਗਾ ਸਿੰਘ ਨੂੰ 'ਆਪਣੀ ਮਿੱਟੀ' ਦੇ ਪਾਤਰਾਂ ਕਰਕੇ ਹਮੇਸ਼ਾ ਯਾਦ ਰੱਖੇਗਾ।